Washington State Governor's Office of the Education Ombuds

3518 Fremont Ave. N., #349
Seattle, WA 98103
ਟੋਲ-ਫ੍ਰੀ: 1-866-297-2597

ਵੈਬ: www.oeo.wa.gov
ਈ-ਮੇਲ: oeoinfo@gov.wa.gov
ਫੈਕਸ: 1-844-886-5196

# Washington State Governor's Office of the Education Ombuds (ਵਾਸ਼ਿੰਗਟਨ ਸਟੇਟ ਗਵਰਨਰ ਦੇ ਐਜੁਕੇਸ਼ਨ ਓਮਬਡਜ਼ ਦੇ ਆਫਿਸ) ਨਾਲ ਕੰਮ ਕਰਨਾ

Washington State Governor's Office of the Education Ombuds (OEO) ਨਾਲ ਸੰਪਰਕ ਕਰਨ ਲਈ ਤੁਹਾਡਾ ਧੰਨਵਾਦ। ਸਾਨੂੰ ਤੁਹਾਡੇ ਨਾਲ ਮਿਲ ਕੇ ਕੰਮ ਕਰਨ ਵਿੱਚ ਖੁਸ਼ੀ ਹੈ। ਇਹ ਪੰਨਾ ਸਾਡੇ ਆਫਸ ਬਾਰੇ ਕੁਝ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਦਾ ਹੈ।

OEO ਦੇ ਸਟਾਫ ਵਿੱਚ ਸ਼ਾਮਲ ਹਨ 5 ਐਜੁਕੇਸ਼ਨ ਓਮਬਡਜ਼ ਜੋ ਵਿਦਿਆਰਥੀ ਦੀ ਪੜ੍ਹਾਈ 'ਤੇ ਅਸਰ ਕਰਨ ਵਾਲੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਰਾਜ ਭਰ ਵਿੱਚ ਪਰਿਵਾਰਾਂ ਅਤੇ ਸਕੂਲਾਂ ਦੇ ਨਾਲ ਮਿਲ ਕੇ ਕੰਮ ਕਰਦੇ ਹਨ। ਅਸੀਂ ਗੱਲਬਾਤ ਅਤੇ ਸਹਿਯੋਗਾਤਮਕ ਤਰੀਕੇ ਨਾਲ ਸਮੱਸਿਆ ਨੂੰ ਹੱਲ ਕਰਨ ਵਿੱਚ ਸਹਾਇਤਾ ਕਰਦੇ ਹਾਂ, ਪਸ ਅਸੀਂ ਲਾਗੂ ਕਰਨ ਵਾਲੀ ਏਜੰਸੀ ਨਹੀਂ ਹਾਂ।

**ਐਜੁਕੇਸ਼ਨ ਓਮਬਡਜ਼ ਇਹ ਕਰਦੇ ਹਨ:**

- ਵਿਦਿਆਰਥੀਆਂ ਨਾਲ ਸਬੰਧਤ ਤੁਹਾਡੇ ਪ੍ਰਸ਼ਨਾਂ ਅਤੇ ਚਿੰਤਾਵਾਂ ਨੂੰ ਸਮਝਣ ਲਈ ਤੁਹਾਡੀ ਗੱਲ ਸੁਣਨੀ;
- ਪਬਲਿਕ ਸਕੂਲਾਂ ਦੀਆਂ ਪ੍ਰਕਿਰਿਆਵਾਂ ਅਤੇ ਵਿਦਿਆਰਥੀਆਂ ਅਤੇ ਮਾਪਿਆਂ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਮੁਹੱਈਆ ਕਰਨੀ ਅਤੇ ਢੁਕਵੇਂ ਸਰੋਤਾਂ ਦੇ ਕੋਲ ਭੇਜਣਾ;
- ਚਿੰਤਾਵਾਂ ਹੱਲ ਕਰਨ ਲਈ ਸੰਭਾਵੀ ਚੋਣਾਂ ਨੂੰ ਪਛਾਣਨ, ਸਮਝਣ ਅਤੇ ਉਹਨਾਂ ਦਾ ਮੁਲਾਂਕਣ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਪ੍ਰਸ਼ਨ ਪੁੱਛਣੇ;
- ਨਿਰਪੱਖ ਸੁਣਨ ਵਾਲੇ ਦੇ ਵਜੋਂ ਕੰਮ ਕਰਨਾ;
- ਵਿਵਾਦ ਤੋਂ ਬਾਹਰ ਨਿਕਲਣ ਅਤੇ ਪ੍ਰਭਾਵੀ ਗੱਲਬਾਤ ਕਰਵਾਉਣ ਲਈ ਸਹਾਇਤਾ ਅਤੇ ਕੋਚਿੰਗ ਪੇਸ਼ ਕਰਨੀ;
- ਮੁੱਦਿਆਂ ਨੂੰ ਵਰਗੀਕ੍ਰਿਤ ਕਰਨ ਲਈ ਪਰਿਵਾਰਾਂ, ਅਧਿਆਪਕਾਂ ਅਤੇ ਹੋਰਾਂ ਨਾਲ ਵਿਚਾਰ-ਵਟਾਂਦਰਾ ਕਰਨਾ ਅਤੇ ਪਰਿਵਾਰਾਂ ਅਤੇ ਸਕੂਲਾਂ ਦੇ ਵਿਚਕਾਰ ਸਿੱਧੇ ਸੰਚਾਰ ਵਿੱਚ ਸਹਾਇਤਾ ਕਰਨੀ; ਅਤੇ
- ਸਕੂਲਾਂ ਵਿੱਚ ਪਰਿਵਾਰਾਂ ਦਾ ਜੁੜਾਵ ਵਧਾਉਣ ਲਈ ਬਿਹਤਰੀਨ ਤਰੀਕਿਆਂ ਨੂੰ ਸਾਂਝਾ ਕਰਨਾ।

OEO ਦੇ ਨਾਲ ਸੰਚਾਰ ਗੁਪਤ ਰਹਿੰਦਾ ਹੈ, ਅਤੇ OEO ਕਿਸੇ ਮਾਤਾ/ਪਿਤਾ ਜਾਂ ਕਾਨੂੰਨੀ ਸਰਪ੍ਰਸਤ ਜਾਂ ਬਾਲਗ ਵਿਦਿਆਰਥੀ ਤੋਂ **ਪਹਿਲਾਂ ਦਿੱਤੀ ਗਈ ਲਿਖਤੀ ਸਹਿਮਤੀ** ਪ੍ਰਾਪਤ ਕੀਤੇ ਬਿਨਾਂ ਕਿਸੇ ਕਾਲ ਕਰਨ ਵਾਲੇ ਜਾਂ ਵਿਦਿਆਰਥੀ ਬਾਰੇ ਜਾਣਕਾਰੀ ਦਾ ਖੁਲਾਸਾ ਨਹੀਂ ਕਰੇਗਾ। ਜੇ OEO ਨੂੰ ਪਹਿਲਾਂ ਦਿੱਤੀ ਗਈ ਲਿਖਤੀ ਸਹਿਮਤੀ ਮਿਲਦੀ ਹੈ, ਤਾਂ ਓਮਬਡਜ਼ ਸਿੱਧਾ ਸਕੂਲ ਜਾਂ ਡਿਸਟ੍ਰਿਕਟ ਸਟਾਫ ਦੇ ਨਾਲ ਗੱਲਬਾਤ ਕਰ ਕੇ ਮੁੱਦੇ ਨੂੰ ਸਪਸ਼ਟ ਕਰਨ ਅਤੇ ਹੱਲ ਕਰਨ ਵਿੱਚ ਮਦਦ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ। ਸੀਮਿਤ ਸਰੋਤਾਂ ਦੇ ਕਾਰਨ, ਓਮਬਡਜ਼ ਵਿਰਲੇ ਹੀ ਵਿਅਕਤੀਗਤ ਤੌਰ 'ਤੇ ਜਾਂ ਟੈਲੀਫੋਨ 'ਤੇ ਮੀਟਿੰਗਾਂ ਵਿੱਚ ਹਿੱਸਾ ਲੈ ਸਕਣਗੇ, ਪਰ ਪਰਿਵਾਰਾਂ ਅਤੇ ਸਕੂਲਾਂ ਦੇ ਵਿਚਕਾਰ ਸਮਝ ਅਤੇ ਪ੍ਰਭਾਵੀ ਸੰਚਾਰ ਨੂੰ ਸੁਖਾਲਾ ਬਣਾਉਣ ਵਿੱਚ ਸਹਾਇਤਾ ਕਰਨ ਲਈ, ਸੀਮਿਤ ਮਾਮਲਿਆਂ ਵਿੱਚ ਅਤੇ ਸਿਰਫ ਇੱਕ ਮੀਟਿੰਗ ਲਈ ਅਜਿਹਾ ਕਰਨ ਬਾਰੇ ਵਿਚਾਰ ਕਰਨਗੇ।

**ਐਜੁਕੇਸ਼ਨ ਓਮਬਡਜ਼ ਇਹ ਨਹੀਂ ਕਰਦੇ ਹਨ:**

- ਕਾਨੂੰਨੀ ਸਲਾਹ ਜਾਂ ਪ੍ਰਤਿਨਿਧਤਾ ਮੁਹੱਈਆ ਕਰਨੀ;
- ਕਿਸੇ ਵਿਦਿਆਰਥੀ ਜਾਂ ਮਾਤਾ/ਪਿਤਾ ਸਮੇਤ, ਕਿਸੇ ਵੀ ਵਿਅਕਤੀ ਜਾਂ ਸੰਗਠਨ ਦੇ ਵੱਲੋਂ ਵਕਾਲਤ ਕਰਨੀ;
- ਕਾਨੂੰਨਾਂ ਜਾਂ ਵਿਨਿਯਮਾਂ ਨੂੰ ਲਾਗੂ ਕਰਨਾ;
- ਰਸਮੀ ਜਾਂਚ-ਪੜਤਾਲਾਂ ਕਰਨੀਆਂ ਜਾਂ ਫੈਸਲੇ ਲੈਣੇ; ਜਾਂ
- ਸਕੂਲਾਂ ਜਾਂ ਡਿਸਟ੍ਰਿਕਟਾਂ ਤੋਂ ਕੋਈ ਖਾਸ ਕਾਰਵਾਈ ਕਰਨ ਜਾਂ ਨਾ ਕਰਨ ਦੀ ਮੰਗ ਕਰਨ ਦਾ ਅਧਿਕਾਰ ਹੋਣਾ।

OEO ਇੱਕ **ਸੁਤੰਤਰ ਰਾਜ ਏਜੰਸੀ ਹੈ।**

ਸਾਡੀਆਂ ਸੇਵਾਵਾਂ ਹਨ:

- ✓ **ਮੁਫਤ**
- ✓ **ਗੁਪਤ**
- ✓ **ਨਿਰਪੱਖ**
- ✓ **ਸਹਿਯੋਗਾਤਮਕ** ਅਤੇ
- ✓ **ਪਰਿਵਾਰਾਂ, ਸਿੱਖਿਆ ਦੇਣ ਵਾਲਿਆਂ ਅਤੇ ਦੂਜਿਆਂ** ਲਈ ਉਪਲਬਧ ਜਿਨ੍ਹਾਂ ਕੋਲ ਅਜਿਹੇ ਕਿਸੇ ਵੀ ਬੱਚੇ 'ਤੇ ਅਸਰ ਕਰਨ ਵਾਲੇ ਪ੍ਰਸ਼ਨ ਜਾਂ ਚਿੰਤਾਵਾਂ ਹਨ ਜੋ **ਵਾਸ਼ਿੰਗਟਨ ਸਟੇਟ K-12 ਪਬਲਿਕ ਸਕੂਲਾਂ** ਵਿੱਚ ਜਾਂਦਾ ਹੈ ਜਾਂ ਜਾਣ ਦੇ ਯੋਗ ਹੈ।

OEO ਕਿਸੇ ਖਾਸ ਨਤੀਜੇ ਦੀ ਗਾਰੰਟੀ ਨਹੀਂ ਦੇ ਸਕਦਾ ਹੈ ਪਰ ਹਮੇਸ਼ਾ ਤੁਹਾਡੀਆਂ ਚਿੰਤਾਵਾਂ ਨੂੰ ਸਮਝਣ ਲਈ ਕੰਮ ਕਰੇਗਾ, ਸਬੰਧਤ ਅਤੇ ਬਿਲਕੁਲ ਸਹੀ ਜਾਣਕਾਰੀ ਸਾਂਝੀ ਕਰੇਗਾ, ਅਤੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਸਹਿਯੋਗ ਨਾਲ ਸਮੱਸਿਆ ਹੱਲ ਕਰਨ ਲਈ ਚੋਣਾਂ ਨੂੰ ਪਛਾਣਨਾ। ਰਾਜ ਦੀ ਇੱਕ ਛੋਟੀ ਏਜੰਸੀ ਦੇ ਰੂਪ ਵਿੱਚ, ਅਸੀਂ ਆਪਣੇ ਸਰੋਤਾਂ ਦੇ ਅੰਦਰ ਨਿਰਪੱਖ ਤਰੀਕੇ ਨਾਲ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਓਮਬਡਜ਼ ਵਿਅਕਤੀਗਤ ਮਾਮਲਿਆਂ ਵਿੱਚ ਅਸੀਮਿਤ ਸਮੇਂ ਲਈ ਜਾਂ ਲੰਮੀ ਮਿਆਦ ਲਈ ਸਹਾਇਤਾ ਮੁਹੱਈਆ ਨਹੀਂ ਕਰ ਸਕਦਾ ਹੈ।

Governor's Office of the Education Ombuds

3518 Fremont Ave. N., #349
Seattle, WA 98103
ਟੋਲ-ਫ੍ਰੀ: 1-866-297-2597

www.oeo.wa.gov
ਈਮੇਲ : oeoinfo@gov.wa.gov
ਫੈਕਸ: 1-844-886-5196

# ਸਕੂਲ ਅਤੇ ਡਿਸਟ੍ਰਿਕਟ ਨਾਲ ਸੰਪਰਕ ਕਰਨ ਲਈ ਸਹਿਮਤੀ

OEO ਤੁਹਾਡੀ ਗੁਪਤਤਾ ਅਤੇ ਤੁਹਾਡੇ ਵਿਦਿਆਰਥੀ ਦੀ ਗੁਪਤਤਾ ਦਾ ਆਦਰ ਕਰਦਾ ਹੈ। ਤੁਹਾਡੇ ਨਾਲ ਸਾਡਾ-ਪੱਤਰ-ਵਿਹਾਰ ਗੁਪਤ ਹੋਵੇਗਾ। ਜਦ ਤਕ ਕਾਨੂੰਨੀ ਤੌਰ 'ਤੇ ਸਾਡੇ ਲਈ ਜ਼ਰੂਰੀ ਨਾ ਹੋਵੇ, ਅਸੀਂ ਤੁਹਾਡੀ ਲਿਖਤੀ ਇਜਾਜ਼ਤ ਦੇ ਬਿਨਾਂ ਤੁਹਾਡੀ ਜਾਂ ਤੁਹਾਡੇ ਵਿਦਿਆਰਥੀ ਦੀ ਜਾਣਕਾਰੀ ਨੂੰ ਦੂਜਿਆਂ ਨਾਲ ਸਾਂਝਾ ਨਹੀਂ ਕਰਦੇ ਹਾਂ।

ਕਿਸੇ ਐਜੁਕੇਸ਼ਨ ਓਮਬਡਜ਼ ਨਾਲ ਗੱਲ ਕਰਨ ਦੇ ਬਾਅਦ, ਜੇ ਤੁਸੀਂ ਦੋਵੇਂ ਸਹਿਮਤ ਹੁੰਦੇ ਹੋ ਕਿ ਐਜੁਕੇਸ਼ਨ ਓਮਬਡਜ਼ ਦੁਆਰਾ ਤੁਹਾਡੇ ਬੱਚੇ ਬਾਰੇ ਸਕੂਲ ਅਤੇ/ਜਾਂ ਡਿਸਟ੍ਰਿਕਟ ਨਾਲ ਸੰਪਰਕ ਕਰਨਾ ਢੁਕਵਾਂ ਹੋਵੇਗਾ, ਤਾਂ ਓਮਬਡਜ਼ ਨੂੰ ਪਹਿਲਾਂ ਤੁਹਾਡੀ ਲਿਖਤੀ ਇਜਾਜ਼ਤ ਦੀ ਲੋੜ ਹੋਵੇਗੀ।

- ਜੇ ਤੁਸੀਂ ਚਾਹੁੰਦੇ ਹੋ ਕਿ ਓਮਬਡਜ਼ ਤੁਹਾਡੇ ਬੱਚੇ ਦੇ ਸਕੂਲ ਅਤੇ/ਜਾਂ ਡਿਸਟ੍ਰਿਕਟ ਨਾਲ ਸੰਪਰਕ ਕਰ ਸਕੇ, ਤਾਂ ਕਿਰਪਾ ਕਰਕੇ ਇਸ ਫਾਰਮ ਨੂੰ ਪੜ੍ਹੋ, ਇਸ 'ਤੇ ਦਸਤਖਤ ਕਰੋ ਅਤੇ ਇਸ ਨੂੰ ਵਾਪਸ ਕਰੋ।
- ਦਸਤਖਤ ਕੀਤੀ ਕਾਪੀ OEO ਨੂੰ ਡਾਕ ਦੁਆਰਾ ਉੱਪਰ ਦਿੱਤੇ ਗਏ ਪਤੇ 'ਤੇ, ਜਾਂ ਈਮੇਲ ਦੁਆਰਾ OEOinfo@gov.wa.gov 'ਤੇ, ਜਾਂ ਫੈਕਸ ਦੁਆਰਾ (844) 886-5196 'ਤੇ ਭੇਜ ਦਿਓ।

---

ਅੱਜ ਦੀ ਮਿਤੀ ____________________

ਮੈਂ ਉੱਪਰ ਦੱਸੇ ਗਏ ਵਿਦਿਆਰਥੀ ਦਾ ☐ ਮਾਤਾ/ਪਿਤਾ ਜਾਂ ☐ ਕਾਨੂੰਨੀ ਸਰਪ੍ਰਸਤ ਹਾਂ।

ਮੈਂ ☐ ਵਿਦਿਆਰਥੀ ਹਾਂ ਅਤੇ ਮੇਰੀ ਉਮਰ 18 ਸਾਲ ਜਾਂ ਵੱਧ ਹੈ।

ਮੈਂ ਸਮਝਦਾ/ਸਮਝਦੀ ਹਾਂ ਕਿ ਆਫਿਸ ਆਫ ਐਜੁਕੇਸ਼ਨ ਓਮਬਡਜ਼ ਮੇਰੇ ਵਿਦਿਆਰਥੀ ਦੀ ਸਿੱਖਿਆ ਨਾਲ ਸਬੰਧਤ ਚਿੰਤਾਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨ ਲਈ ਇੱਕ ਸੁਤੰਤਰ, ਨਿਰਪੱਖ ਤੀਜੀ ਧਿਰ ਦੇ ਰੂਪ ਵਿੱਚ ਮੇਰੇ ਨਾਲ ਕੰਮ ਕਰ ਰਿਹਾ ਹੈ, ਅਤੇ ਐਜੁਕੇਸ਼ਨ ਓਮਬਡਜ਼ ਕਾਨੂੰਨੀ ਪ੍ਰਤਿਨਿਧਤਾ ਜਾਂ ਸਲਾਹ ਮੁਹੱਈਆ ਨਹੀਂ ਕਰਦਾ ਹੈ।

ਮੈਂ ਇਸ ਦੁਆਰਾ ਆਫਿਸ ਆਫ ਐਜੁਕੇਸ਼ਨ ਓਮਬਡਜ਼ ਅਤੇ ਸਕੂਲ/ਡਿਸਟ੍ਰਿਕਟ ਦੇ ਸਟਾਫ ਨੂੰ, ਮੇਰੀਆਂ ਚਿੰਤਾਵਾਂ/ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨ ਲਈ ਮੇਰੀ ਸਥਿਤੀ ਬਾਰੇ ਚਰਚਾ ਕਰਨ ਅਤੇ ਮੇਰਾ/ਮੇਰੇ ਵਿਦਿਆਰਥੀ ਦਾ ਨਾਮ ਅਤੇ ਹੋਰ ਸਬੰਧਤ ਜਾਣਕਾਰੀ ਵਰਤਣ ਦੀ ਇਜਾਜ਼ਤ ਦਿੰਦਾ/ਦਿੰਦੀ ਹਾਂ ਜੋ ਵਿਦਿਅਕ ਰਿਕਾਰਡਾਂ ਵਿੱਚ ਸ਼ਾਮਲ ਹੋ ਸਕਦੀ ਹੈ।

| | |
|---|---|
| ____________________ ਸਕੂਲ ਡਿਸਟ੍ਰਿਕਟ ਦਾ ਨਾਮ | ____________________ ਸਕੂਲ ਦਾ ਨਾਮ |
| ____________________ ਵਿਦਿਆਰਥੀ ਦਾ ਨਾਮ | ____________________ ਵਿਦਿਆਰਥੀ ਦੀ ਜਨਮ ਮਿਤੀ |
| ____________________ ਮਾਤਾ/ਪਿਤਾ/ਕਾਨੂੰਨੀ ਸਰਪ੍ਰਸਤ ਦਾ ਨਾਮ | |
| ____________________ ਮਾਤਾ/ਪਿਤਾ/ਕਾਨੂੰਨੀ ਸਰਪ੍ਰਸਤ ਦੇ ਦਸਤਖਤ *ਜਾਂ* | ____________________ ਵਿਦਿਆਰਥੀ ਦੇ ਦਸਤਖਤ (ਜੇ ਉਮਰ 18 ਸਾਲ ਜਾਂ ਵੱਧ ਹੈ) |